# ਤਬਦੀਲੀ ਲਈ ਲੋਕ ਫਤਵਾ ਪਰ ਤਬਦੀਲੀ ਦੀ ਆਸ ਨਹੀਂ

ਹਿੰਦੁਸਤਾਨ ਵਿਚ ਚੋਣਾਂ ਨਾਲ ਐਨ ਡੀ ਏ ਸਰਕਾਰ ਦੀ ਹਾਰ ਹੋ ਗਈ ਹੈ ਅਤੇ ਕਾਂਗਰਸ ਅਤੇ ਹੋਰਨਾਂ ਦਾ ਪੱਲਾ ਭਾਰੀ ਹੋ ਗਿਆ ਹੈ। ਪੰਜਾਬ ਅਤੇ ਹੋਰਨਾਂ ਥਾਂਵਾਂ ਤੇ ਜਿੱਥੇ ਕਾਂਗਰਸ ਤਾਕਤ ਵਿਚ ਸੀ ਉਥੇ ਕਾਂਗਰਸ ਹਾਰ ਗਈ ਹੈ ਅਤੇ ਉਨ੍ਹਾਂ ਕਈ ਥਾਂਵਾਂ ਤੇ ਜਿੱਥੇ ਭਾਜਪਾ ਅਤੇ ਇਹਦੇ ਜੋਟੀਦਾਰ ਤਾਕਤ ਵਿਚ ਸਨ ਉੱਥੇ ਕਾਂਗਰਸ ਜਿਤ ਗਈ ਹੈ। ਭਾਜਪਾ ਦੇ ਮਹਾਂਰਥੀ ਜਿਵੇਂ ਕਿ ਮੁਰਲੀ ਮਨੋਹਰ ਜੋਸ਼ੀ, ਯਸ਼ਵੰਤ ਸਿਨਹਾ ਅਤੇ ਜਸਵੰਤ ਸਿੰਘ ਹਾਰ ਗਏ ਹਨ।

ਕਾਂਗਰਸ ਨੇ 145 ਸੀਟਾਂ ਜਿੱਤੀਆਂ ਹਨ ਅਤੇ ਭਾਜਪਾ ਨੇ 138 ਜਿੱਤੀਆਂ ਹਨ। ਸੀ.ਪੀ.ਆਈ, ਅਤੇ ਸੀ.ਪੀ.ਐਮ ਨੇ 53 ਅਤੇ ਹੋਰਨਾਂ ਪਾਰਟੀਆਂ ਨੇ ਆਪਣੀਆਂ ਸੀਟਾਂ ਵਧਾਈਆਂ ਹਨ। ਦੱਸਿਆ ਜਾਂਦਾ ਹੈ ਕਿ ਕਾਂਗਰਸ ਨੂੰ ਕੁਲ ਪਈਆਂ ਵੋਟਾਂ ਚੋਂ` 26% ਵੋਟ ਮਿਲੇ ਹਨ ਅਤੇ ਭਾਜਪਾ ਨੂੰ 22 ਫੀ ਸਦੀ। ਕਾਂਗਰਸ ਅਤੇ ਉਹਦੇ ਜੋਟੀਦਾਰਾਂ ਨੂੰ 34.59% ਵੋਟਾਂ ਮਿਲੀਆਂ ਹਨ ਅਤੇ ਭਾਜਪਾ ਅਤੇ ਇਹਦੇ ਜੋਟੀਦਾਰਾਂ ਨੂੰ 35.25% ਵੋਟਾਂ ਮਿਲੀਆਂ ਹਨ। ਕਾਂਗਰਸ ਅਤੇ ਬੀ ਜੇ ਪੀ ਨੂੰ ਪਈਆਂ ਕੁਲ ਵੋਟਾਂ 1999 ਦੀਆਂ ਚੋਣਾਂ ਤੋਂ ਵੀ ਘੱਟ ਹਨ। 1999 ਵਿਚ ਕਾਂਗਰਸ ਨੇ 29% ਵੋਟਾਂ ਜਿੱਤੀਆਂ ਸਨ ਅਤੇ ਬੀ ਜੇ ਪੀ ਨੇ 23.75% ਵੋਟਾਂ ਜਿੱਤੀਆਂ ਸਨ। ਸੀ ਪੀ ਐਮ ਨੂੰ ਪਿਛਲੀ ਚੋਣਾਂ ਵਿਚ 5.40% ਵੋਟਾਂ ਮਿਲੀਆਂ ਸਨ ਅਤੇ ਇਨ੍ਹਾਂ ਚੋਣਾਂ ਵਿਚ 5.69% ਵੋਟਾਂ ਮਿਲੀਆਂ ਹਨ। ਚੋਣਾਂ ਦੇ ਨਤੀਜੇ ਇਹ ਵੀ ਦੱਸਦੇ ਹਨ ਕਿ ਇਨ੍ਹਾਂ ਚੋਣਾਂ ਵਿਚ ਪਿਛਲੀਆਂ ਚੋਣਾਂ ਨਾਲੋਂ ਘੱਟ ਲੋਕਾਂ ਨੇ ਵੋਟਾਂ ਪਾਈਆਂ ਹਨ। ਦੱਸਿਆ ਜਾਂਦਾ ਹੈ ਕਿ ਕੁਲ ਵੋਟਰਾਂ ' 57.8% ਵੋਟਰਾਂ ਨੇ ਹੀ ਇਨ੍ਹਾਂ ਚੋਣਾਂ ਵਿਚ ਵੋਟਾਂ ਪਾਈਆਂ ਹਨ।

ਚੋਣਾਂ ਤੋਂ ਇਹ ਜ਼ਾਹਿਰ ਹੈ ਕਿ ਹਿੰਦੁਸਤਾਨ ਦੇ ਲੋਕ ਤਬਦੀਲੀ ਚਾਹੁੰਦੇ ਹਨ ਅਤੇ ਉਹ ਆਪਣੇ ਮਸਲਿਆਂ ਦਾ ਹੱਲ ਲੱਭਦੇ ਹਨ ਪਰ ਆਪਣੇ ਮਸਲਿਆਂ ਦੇ ਹੱਲ ਲਈ ਉਹ ਇਸ ਸਿਆਸੀ ਪ੍ਰਨਾਲੀ ਤੇ ਵਿਸ਼ਵਾਸ ਨਹੀਂ ਕਰਦੇ। 42% ਵੋਟਰਾਂ ਦਾ ਬਿਲਕੁਲ ਵੋਟ ਨਾ ਪਾਉਣਾ ਅਤੇ ਪਈਆਂ ਵੋਟਾਂ ਵਿਚੋਂ ਬਹੁਤ ਗਿਣਤੀ ਦੇ ਵੋਟਰਾਂ ਦਾ ਨਾ ਕਾਂਗਰਸ ਅਤੇ ਨਾ ਹੀ ਭਾਜਪਾ ਨੂੰ ਵੋਟ ਪਾਉਣਾ ਇਹ ਦੱਸਦਾ ਹੈ ਕਿ ਹਿੰਦੁਸਤਾਨ ਦੇ ਬਹੁਗਿਣਤੀ ਲੋਕ ਕਾਂਗਰਸ, ਭਾਜਪਾ ਉੱਤੇ ਕੋਈ ਯਕੀਨ ਨਹੀਂ ਕਰਦੇ ਕਿ ਇਹ ਲੋਕਾਂ ਦੇ ਮਸਲੇ ਹੱਲ ਕਰਨਗੇ।ੋਟਾਂ ਪਾਉਣ ਵਾਲੇ ਵੋਟਰਾਂ ਵਿਚੋਂ 52% ਵੋਟਰਾਂ ਨੇ ਇਨ੍ਹਾਂ ਦੋਹਾਂ ਵਿਚੋਂ ਕਿਸੇ ਵੀ ਪਾਰਟੀ ਨੂੰ ਵੋਟ ਨਹੀਂ ਪਾਈ।

ਹਾਕਮ ਜਮਾਤਾਂ ਦਾ ਸਾਰਾ ਮੀਡੀਆ ਅਤੇ ਅਦਾਰੇ ਪ੍ਰਚਾਰ ਕਰ ਰਹੇ ਹਨ ਕਿ ਲੋਕਾਂ ਨੇ ਬਹੁਤ ਹੀ ਵੱਡੇ ਬਹੁਮਤ ਨਾਲ ਕਾਂਗਰਸ ਦੇ ਹੱਕ ਵਿਚ ਵੋਟਾਂ ਪਾਈਆਂ ਹਨ ਅਤੇ ਕਾਂਗਰਸ ਦੇ ਹੱਕ ਵਿਚ ਫਤਵਾ ਦਿਤਾ ਹੈ। ਪਰ ਚੋਣਾਂ ਵਿਚ ਪਈਆਂ ਵੋਟਾਂ ਦੇ ਤੱਥ ਅਤੇ ਅੰਕੜੇ ਦੱਸਦੇ ਹਨ ਹਾਕਮਾਂ ਜਮਾਤਾਂ ਅਤੇ ਮੀਡੀਏ ਦੇ ਇਸ ਪ੍ਰਚਾਰ ਵਿਚ ਕੋਈ ਸਚਾਈ ਨਹੀਂ ਹੈ। ਇਹ ਤੱਥ, ਕਿ ਕਾਂਗਰਸ ਨੂੰ ਇਨ੍ਹਾਂ ਚੋਣਾਂ ਵਿਚ ਤਮਾਮ ਵੋਟਰਾਂ ਦੀ ਗਿਣਤੀ ਦੇ ਸਿਰਫ਼ 14% ਵੋਟ ਹੀ ਮਿਲੇ ਹਨ, ਇਹ ਇਸ ਸਿਆਸੀ ਪ੍ਰਨਾਲੀ ਦੀ ਹਕੀਕਤ ਨੂੰ ਸਾਫ ਕਰਦਾ ਹੈ ਕਿ ਇਸ ਚੋਣ-ਪਨਾਲੀ ਤਹਿਤ ਤਾਕਤ ਵਿਚ ਆਉਣ ਲਈ ਕਿਸੇ ਪਾਰਟੀ ਨੂੰ ਬਹੁਗਿਣਤੀ ਲੋਕ ਰਾਏ ਜਿੱਤਣ ਦੀ ਲੋੜ ਨਹੀਂ, ਹਾਕਮ ਜਮਾਤਾਂ ਕਿਸੇ ਵੀ ਪਾਰਟੀ ਨੂੰ ਵੋਟਾਂ ਦੀ ਬਹੁਤ ਹੀ ਘੱਟ ਗਿਣਤੀ ਨਾਲ ਹੀ ਤਾਕਤ ਵਿਚ ਲੈ ਆਉਂਦੀਆਂ ਹਨ।

ਦੂਸਰੀ ਗੱਲ ਇਹ ਦਿਸਦੀ ਹੈ ਕਿ ਹਾਕਮ ਜਮਾਤਾਂ ਵਿਚ ਰਾਜ ਤੰਤ੍ਰ ਉੱਤੇ ਕੰਟਰੋਲ ਲਈ ਤਿੱਖਾ ਆਪਸੀ ਵਿਰੋਧ ਅਤੇ ਮੁਕਾਬਲਾ ਚਲ ਰਿਹਾ ਹੈ। ਇਹ ਵਿਰੋਧ ਭਵਿਖ ਵਿਚ ਹੋਰ ਤਿੱਖਾ ਹੋਵੇਗਾ। ਸੋਨੀਆ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਦੀ ਮੁਖ਼ਾਲਫ਼ਤ ਵੀ ਇਸ ਗੱਲ ਦੀ ਹੀ ਝਲਕ ਹੈ। ਸੋਨੀਆਂ ਗਾਂਧੀ ਨੇ ਆਪ ਪ੍ਰਧਾਨ ਮੰਤਰੀ ਬਣਨ ਤੋਂ ਨਾਂਹ ਕਰਕੇ ਮਨਮੋਹਨ ਸਿੰਘ ਨੂੰ ਇਸ ਅਹੁਦੇ ਲਈ ਨਾਮਜ਼ਦ ਕੀਤਾ ਅਤੇ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਨਵੀਂ ਸਰਕਾਰ ਨੇ ਸਹੁੰ ਚੁੱਕ ਲਈ ਹੈ। ਕਾਂਗਰਸ ਦੀ ਅਗਵਾਈ ਵਿਚ ਇਸ ਨਵੇਂ ਗਠਜੋੜ ਦਾ ਨਾਮ ਸਾਂਝਾ ਅਗਾਂਹਵਧੂ ਗਠਜੋੜ ਹੋਵੇਗਾ।

ਸੀ.ਪੀ.ਐਮ ਅਤੇ ਸੀ.ਪੀ.ਆਈ ਨੇ ਫੈਸਲਾ ਕੀਤਾ ਹੈ ਕਿ ਉਹ ਕਾਂਗਰਸ ਦੀ ਸਰਕਾਰ ਦੀ ਬਾਹਰ ਰਹਿ ਕੇ ਹਿਮਾਇਤ ਕਰਨਗੇ ਅਤੇ ਸਰਕਾਰ ਵਿਚ ਹਿੱਸਾ ਨਹੀਂ ਲੈਣਗੇ। ਕੀ ਕਮਿਉਨਿਸਟ ਕੇਂਦਰੀ ਸਰਕਾਰ ਦੀ ਹਿਮਾਇਤ ਕਰਕੇ ਕੋਈ ਲੋਕ-ਪੱਖੀ ਸੁਧਾਰ ਕਰਨ ਲਈ ਇਸ ਸਰਕਾਰ ਨੂੰ ਮਜਬੂਰ ਕਰ ਸਕਦੇ ਹਨ? ਕਾਂਗਰਸ ਦੀ ਸਰਕਾਰ ਚਲਣ ਲਈ ਉਸ ਨੂੰ ਕਮਿਉਨਿਸਟਾਂ ਦੀ ਹਿਮਾਇਤ ਬਹੁਤ ਹੀ ਜ਼ਰੂਰੀ ਹੈ। ਕਮਿਉਨਿਸਟਾਂ ਦੀ ਮਦਦ ਤੋਂ ਬਗੈਰ ਨਾ ਇਹ ਸਰਕਾਰ ਬਣ ਸਕਦੀ ਸੀ ਅਤੇ ਨਾ ਚੱਲ ਸਕਦੀ ਹੈ। ਕੀ ਕਮਿਉਨਿਸਟ ਇਸ ਸਰਕਾਰ ਨੂੰ ਮਜਬੂਰ ਕਰਨਗੇ ਕਿ ਬਜਟ ਦਾ 73% ਹਿੱਸਾ ਦਖੋਰਾਂ ਦੀ ਜੇਬਾਂ ਵਿਚ ਪਾਉਣ ਦੀ ਥਾਂ ਲੋਕਾਂ ਦੀਆਂ ਲੋੜਾਂ ਲਈ ਖ਼ਰਚ ਕੀਤਾ ਜਾਵੇ? ਕੀ ਇਹ ਕਮਿਉਨਿਸਟ ਇਸ ਸਰਕਾਰ ਨੂੰ ਇਸ ਗੱਲ ਤੇ ਮਜਬੂਰ ਕਰ ਸਕਦੇ ਹਨ ਕਿ ਅਗਲੇ 5 ਸਾਲਾਂ ਲਈ ਇਨ੍ਹਾਂ ਕਰਜ਼ਿਆਂ ਦੀ ਕਿਸ਼ਤਾਂ ਬੰਦ ਕਰਕੇ ਲੋਕਾਂ ਦੀ ਕੁੱਲੀ, ਗੁੱਲੀ ਅਤੇ ਜੁੱਲੀ ਲਈ ਇਹ ਪੈਸਾ ਖ਼ਰਚ ਕੀਤਾ ਜਾਵੇ? ਕੀ ਇਹ ਕਮਿਉਨਿਸਟ ਇਸ ਸਰਕਾਰ ਨੂੰ ਇਸ ਗੱਲ ਤੇ ਮਜਬੂਰ ਕਰ ਸਕਣਗੇ ਕਿ ਪੰਜਾਬ ਵਿਚ ਕਤਲੋਗਾਰਤ ਲਈ ਜ਼ਿੰਮੇਵਾਰ ਅਫਸਰਾਂ ਅਤੇ ਸਿਆਸਤਦਾਨਾਂ ਨੂੰ ਇਨਸਾਫ ਦੇ ਕਟਹਿਰੇ ਵਿਚ ਖੜਾ ਕੀਤਾ ਜਾਵੇ ਅਤੇ ਗੁਜਰਾਤ ਵਿਚ ਹੋਈ ਵਹਿਸ਼ੀ ਕਤਲੋਗਾਰਤ ਲਈ ਦੋਸ਼ੀਆਂ ਨੂੰ ਸਜ਼ਾ ਦਿਤੀ ਜਾਵੇ? ਕੀ ਇਹ ਪੋਟਾ ਵਰਗੇ ਕਾਲੇ ਕਾਨੂੰਨ ਰੱਦ ਕਰਵਾਉਣਗੇ ਅਤੇ ਕੀ ਾਲ ਵਿਚ ਜ਼ਹਿਰੀਲੀ ਗੈਸ ਦੇ ਸ਼ਿਕਾਰ ਲੋਕਾਂ ਨੂੰ ਮੁਆਵਜ਼ਾ ਦੁਆਉਣਗੇ? ਇਹ ਸਾਰੇ ਸਵਾਲ ਇਨ੍ਹਾਂ ਕਮਿਉਨਿਸਟਾਂ ਲਈ ਹਨ।

ਕਮਿਉਨਿਸਟਾਂ ਲਈ ਇਹ ਮੌਕਾ ਹੈ ਕਿ ਉਹ ਇਸ ਸਰਕਾਰ ਉੱਤੇ ਇਨ੍ਹਾਂ ਲੋਕ ਪੱਖੀ ਸੁਧਾਰਾਂ ਲਈ ਦਬਾਅ ਪਾਕੇ ਲੋਕਾਂ ਨੂੰ ਲਾਮਬੰਦ ਕਰਨ ਲਈ ਜਗ੍ਹਾ ਮੋਕਲੀ ਕਰਨ। ਜੇ ਉਨ੍ਹਾਂ ਨੇ ਇਹ ਮੌਕਾ 1947 ਅਤੇ 1977 ਵਾਂਗ ਹੀ ਗੁਆ ਦਿਤਾ ਤਾਂ

ਹਿੰਦੁਸਤਾਨ ਦੇ ਮਜ਼ਦੂਰ, ਕਿਸਾਨ, ਪਸਮਾਂਦਾ ਲੋਕ ਅਤੇ ਤਾਰੀਖ਼ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ। ਹਿੰਦੁਸਤਾਨ ਦੇ ਕਮਿਉਨਿਸਟਾਂ ਨੂੰ ਇਨ੍ਹਾਂ ਸੁਧਾਰਾਂ ਲਈ ਇਕ ਮੁੱਠ ਹੋਕੇ ਪਾਰਲੀਮੈਂਟ ਅਤੇ ਉਹਦੇ ਬਾਹਰ ਸੰਘਰਸ਼ ਤੇਜ਼ ਕਰਨ ਦੀ ਲੋੜ ਹੈ।

ਇਹ ਚੋਣਾਂ ਇਕ ਬਾਰ ਫਿਰ ਦੱਸਦੀਆਂ ਹਨ ਕਿ ਹਿੰਦੁਸਤਾਨ ਦੇ ਲੋਕ ਇਸ ਸਿਆਸੀ ਪ੍ਰਨਾਲੀ ਰਾਹੀਂ ਕੋਈ ਮੁੱਢਲੀ ਤਬਦੀਲੀ ਨਹੀਂ ਲਿਆ ਸਕਦੇ। ਇਹ ਪ੍ਰਨਾਲੀ ਵੱਡੇ ਸਰਮਾਏਦਾਰਾਂ, ਵੱਡੇ ਜਗੀਰਦਾਰਾਂ ਅਤੇ ਉਨ੍ਹਾਂ ਦੇ ਵਿਦੇਸ਼ੀ ਜੁੰਡੀਦਾਰਾਂ ਦੇ ਰਾਜ ਲਈ ਬਣਾਈ ਗਈ ਸੀ ਲੋਕਾਂ ਦੇ ਮੁਫਾਦਾਂ ਲਈ ਨਹੀਂ। ਹਾਕਮ ਜਮਾਤਾਂ ਲਈ ਇਹ ਸਿਆਸੀ ਪ੍ਰਨਾਲੀ ਬਹੁਤ ਹੀ ਮੁਫ਼ੀਦ ਹੈ। ਇਨ੍ਹਾਂ ਚੋਣਾਂ ਰਾਹੀਂ ਇਹ ਭੁਲੇਖੇ ਖੜੇ ਕਰਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਨੇ ਫਤਵਾ ਦਿੱਤਾ ਹੈ ਅਤੇ ਉਹ ਜੋ ਕੁਝ ਕਰਦੇ ਹਨ ਲੋਕ ਰਾਏ ਅਨੁਸਾਰ ਕਰਦੇ ਹਨ। ਪਰ ਅਸਲੀਅਤ ਇਹ ਹੈ ਕਿ ਮਨਮੋਹਨ ਸਿੰਘ ਦੀ ਅਗਵਾਈ ਵਾਲੇ ਗੱਠਜੋੜ ਦੀ ਸਾਂਝੀ ਸਰਕਾਰ ਵੀ ਹਿੰਦੁਸਤਾਨ ਦੀ ਅਖੰਡਤਾ, ਸੈਕੂਲਰ ਵਾਦ, ਤਰੱਕੀ ਅਤੇ ਜਮਹੂਰੀਅਤ ਦੇ ਨਾਮ ਹੇਠ ਲੋਕਾਂ ਦੇ ਹੱਕਾਂ ਤੇ ਸੱਟ ਮਾਰੇਗੀ।

ਇਨ੍ਹਾਂ ਚੋਣਾਂ ਰਾਹੀਂ ਹਾਕਮ ਜਮਾਤਾਂ ਨੇ ਇਕ ਬਾਰ ਫਿਰ ਲੋਕਾਂ ਦੀ ਸਰਬ-ਉਚ ਸ਼ਕਤੀ ਉਨ੍ਹਾਂ ਤੋਂ ਦੂਰ ਰੱਖੀ ਹੈ। ਲੋਕਾਂ ਨੂੰ ਇਕ ਮੁੱਠ ਹੋਕੇ ਇਕ ਨਵੀਂ ਸਿਆਸੀ ਪ੍ਰਨਾਲੀ ਇਜਾਦ ਕਰਨ ਦੀ ਲੋੜ ਹੈ ਜਿਸ ਵਿਚ ਉਹ ਖ਼ੁਦ ਰਾਜ ਤੰਤ੍ਰ ਚਲਾਉਣ ਅਤੇ ਸਾਰੇ ਫੈਸਲੇ ਕਰਨ। ਬਸਤੀ ਵਾਦੀਆਂ ਦੀ ਘੜੀ ਹੋਈ ਨੁਮਾਇੰਦਿਆਂ ਵਾਲੀ ਇਸ ਸਿਆਸੀ ਪ੍ਰਨਾਲੀ ਉਨ੍ਹਾਂ ਉੱਤੇ ਹਮਲੇ ਕਰਨ ਲਈ ਹੀ ਵਰਤੀ ਜਾਂਦੀ ਹੈ। ਇਹ ਚੋਣਾਂ ਅਤੇ ਇਨ੍ਹਾਂ ਦੇ ਨਤੀਜੇ ਇਕ ਵਾਰ ਫਿਰ ਇਹੋ ਗੱਲ ਸਾਬਤ ਕਰਦੇ ਹਨ।